Australian Government
Services Australia

PUNJABI

# Pandemic Leave Disaster Payment ਦਾ ਦਾਅਵਾ ਕਿਵੇਂ ਕਰੀਏ

Pandemic Leave Disaster Payment ਉਸ ਸਮੇਂ ਲਈ ਸਹਾਇਤਾ ਹੈ, ਜਦੋਂ ਤੁਸੀਂ ਕੰਮ ਨਹੀਂ ਕਰ ਸਕਦੇ ਅਤੇ ਆਮਦਨੀ ਨਹੀਂ ਕਮਾ ਸਕਦੇ ਹੋ, ਕਿਉਂਕਿ ਤੁਹਾਨੂੰ ਜਾਂ ਜਿਸ ਦੀ ਤੁਸੀਂ ਦੇਖਭਾਲ ਕਰ ਰਹੇ ਹੋ ਉਸ ਨੂੰ COVID-19 ਦੇ ਕਾਰਨ ਸਵੈ-ਇਕਾਂਤਵਾਸ ਵਿੱਚ ਰਹਿਣਾ ਪੈਂਦਾ ਹੈ ਜਾਂ ਕੁਆਰੰਟੀਨ ਕਰਨਾ ਪੈਂਦਾ ਹੈ।

ਤੁਹਾਡੇ ਵਾਸਤੇ ਹੇਠ ਲਿਖੀਆਂ ਸਾਰੀਆਂ ਸ਼ਰਤਾਂ ਨੂੰ ਵੀ ਪੂਰਾ ਕਰਨਾ ਲਾਜ਼ਮੀ ਹੈ:

- ਤੁਸੀਂ ਘੱਟੋ-ਘੱਟ 17 ਸਾਲਾਂ ਦੀ ਉਮਰ ਦੇ ਹੋ ਅਤੇ ਆਸਟ੍ਰੇਲੀਆ ਵਿੱਚ ਰਹਿੰਦੇ ਹੋ
- ਤੁਸੀਂ ਆਸਟ੍ਰੇਲੀਆ ਦੇ ਵਸਨੀਕ ਹੋ ਜਾਂ ਤੁਹਾਡੇ ਕੋਲ ਅਜਿਹਾ ਵੀਜ਼ਾ ਹੈ, ਜੋ ਤੁਹਾਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦਾ ਅਧਿਕਾਰ ਦਿੰਦਾ ਹੈ
- ਆਪਣੇ ਸਵੈ-ਇਕਾਂਤਵਾਸ, ਕੁਆਰੰਟੀਨ ਜਾਂ ਦੇਖਭਾਲ ਦੀ ਮਿਆਦ ਦੌਰਾਨ ਤੁਸੀਂ ਆਸਟ੍ਰੇਲੀਆ ਵਿੱਚ ਰਹਿ ਰਹੇ ਹੋ
- ਆਪਣੇ ਦਾਅਵੇ ਦੇ ਸਮੇਂ ਤੁਸੀਂ ਆਸਟ੍ਰੇਲੀਆ ਵਿੱਚ ਰਹਿ ਰਹੇ ਹੋ
- ਤੁਸੀਂ ਕੰਮ ਕਰਨ ਦੇ ਅਯੋਗ ਹੋ, ਅਤੇ ਸਵੈ-ਇਕਾਂਤਵਾਸ, ਕੁਆਰੰਟੀਨ ਜਾਂ ਦੇਖਭਾਲ ਦੇ 7 ਦਿਨਾਂ ਦੀ ਮਿਆਦ ਵਿੱਚ ਘੱਟੋ-ਘੱਟ 8 ਘੰਟੇ ਜਾਂ ਪੂਰੇ ਦਿਨ ਦਾ ਕੰਮ ਗੁਆ ਚੁੱਕੇ ਹੋ
- ਤੁਹਾਡੇ ਕੋਲ ਕੋਈ ਬਿਮਾਰੀ ਦੀ ਛੁੱਟੀ ਦੇ ਹੱਕ ਨਹੀਂ ਹਨ, ਜਿਸ ਵਿੱਚ ਮਹਾਂਮਾਰੀ ਦੀ ਬਿਮਾਰੀ ਦੀ ਛੁੱਟੀ, ਨਿੱਜੀ ਛੁੱਟੀ ਜਾਂ ਕਿਸੇ ਹੋਰ ਵਿਅਕਤੀ ਦੀ ਦੇਖਭਾਲ ਕਰਨ ਵਾਲੀ ਛੁੱਟੀ ਸ਼ਾਮਲ ਹੈ
- ਜਿਸ ਮਿਆਦ ਵਾਸਤੇ ਤੁਸੀਂ ਦਾਅਵਾ ਕਰ ਰਹੇ ਹੋ, ਉਸ ਦੇ ਪਹਿਲੇ ਦਿਨ ਤੁਹਾਡੇ ਕੋਲ 10,000 ਡਾਲਰ ਤੋਂ ਘੱਟ ਦੀਆਂ ਚੱਲ ਜਾਇਦਾਦਾਂ ਹਨ।

ਚੱਲ ਜਾਇਦਾਦਾਂ ਕੋਈ ਵੀ ਪੈਸੇ ਹੁੰਦੇ ਹਨ, ਜੋ ਤੁਹਾਡੇ ਲਈ ਨਕਦ ਜਾਂ ਬੱਚਤਾਂ, ਜਾਂ ਜਾਇਦਾਦਾਂ ਦੇ ਰੂਪ ਵਿੱਚ ਆਸਾਨੀ ਨਾਲ ਉਪਲਬਧ ਹੁੰਦੇ ਹਨ, ਜਿਨ੍ਹਾਂ ਨੂੰ ਆਸਾਨੀ ਨਾਲ ਨਕਦ ਵਿੱਚ ਬਦਲਿਆ ਜਾ ਸਕਦਾ ਹੈ। ਉਦਾਹਰਣ ਲਈ, ਦੂਜੇ ਲੋਕਾਂ ਨੂੰ ਉਧਾਰ ਦਿੱਤਾ ਗਿਆ ਪੈਸਾ।

ਜੇ ਤੁਸੀਂ ਅਸਥਾਈ ਵੀਜ਼ਾ ਧਾਰਕ ਹੋ ਅਤੇ ਉੱਪਰ ਦਿੱਤੇ ਯੋਗਤਾ ਨਿਯਮਾਂ ਦੀ ਪੂਰਤੀ ਕਰਦੇ ਹੋ, ਪਰ ਔਨਲਾਈਨ ਦਾਅਵਾ ਨਹੀਂ ਕਰ ਸਕਦੇ, ਤਾਂ ਦਾਅਵਾ ਕਰਨ ਲਈ ਸਾਨੂੰ **180 22 66** ਉੱਤੇ ਫ਼ੋਨ ਕਰੋ।

ਜੇ ਤੁਸੀਂ ਕਿਸੇ ਅਜਿਹੀ ਮਿਆਦ ਵਾਸਤੇ ਦਾਅਵਾ ਕਰ ਰਹੇ ਹੋ, ਜੋ 18 ਜਨਵਰੀ 2022 ਤੋਂ ਬਾਅਦ ਸ਼ੁਰੂ ਹੁੰਦੀ ਹੈ, ਅਤੇ ਤੁਸੀਂ ਅਜਿਹਾ ਕਰਨ ਦੇ ਯੋਗ ਹੋ, ਤਾਂ ਤੁਹਾਨੂੰ ਲਾਜ਼ਮੀ ਔਨਲਾਈਨ ਦਾਅਵਾ ਕਰਨਾ ਚਾਹੀਦਾ ਹੈ। ਔਨਲਾਈਨ ਦਾਅਵਾ ਕਰਨ ਲਈ, ਤੁਹਾਨੂੰ Centrelink ਨਾਲ ਲਿੰਕ ਕੀਤੇ myGov ਖਾਤੇ ਦੀ ਲੋੜ ਹੈ। ਜੇ ਤੁਹਾਡੇ ਕੋਲ ਅਜੇ ਕੋਈ ਖਾਤਾ ਨਹੀਂ ਹੈ, ਤਾਂ ਪੜ੍ਹੋ ਕਿ ਔਨਲਾਈਨ ਖਾਤਾ ਕਿਵੇਂ ਸਥਾਪਤ ਕਰਨਾ ਹੈ। **servicesaustralia.gov.au/centrelinkonline** ਉੱਤੇ ਜਾਓ

ਇਕ ਵਾਰ ਜਦੋਂ ਤੁਸੀਂ ਖਾਤਾ ਬਣਾ ਲੈਂਦੇ ਹੋ, ਤਾਂ myGov ਵਿੱਚ ਸਾਈਨ-ਇਨ ਕਰੋ।

1. **Government support for coronavirus** ਚੇਤਾਵਨੀ ਵਿੱਚੋਂ **Apply for support** ਦੀ ਚੋਣ ਕਰੋ
2. **Affected by coronavirus (COVID-19)**, ਦੇ ਅਧੀਨ, **Get started** ਦੀ ਚੋਣ ਕਰੋ
3. **Apply for Pandemic Leave Disaster Payment** ਦੀ ਚੋਣ ਕਰੋ
4. ਸਵਾਲਾਂ ਦੇ ਜਵਾਬ ਦਿਓ ਅਤੇ ਆਪਣਾ ਦਾਅਵਾ ਜਮ੍ਹਾਂ ਕਰੋ।

Pandemic Leave Disaster Payment ਬਾਰੇ ਆਪਣੀ ਭਾਸ਼ਾ ਸਮੇਤ ਵਧੇਰੇ ਜਾਣਕਾਰੀ ਵਾਸਤੇ, ਇੱਥੇ ਜਾਓ **servicesaustralia.gov.au/pandemicleavedisasterpayment**

Australian Government
Services Australia

ENGLISH

# How to claim Pandemic Leave Disaster Payment

Pandemic Leave Disaster Payment is support for when you cannot work and earn income, because you or someone you are caring for has to self-isolate or quarantine due to COVID-19.

You must also meet all of the following:

- you are at least 17 years old and live in Australia
- you are an Australian resident or hold a visa that gives you the right to work in Australia
- you are living in Australia during your self-isolation, quarantine or caring period
- you are living in Australia at the time of your claim
- you are unable to work and lost at least 8 hours or a full day of work in a 7 day period of self-isolation, quarantine or caring
- you have no sick leave entitlements, including pandemic sick leave, personal leave or leave to care for another person
- you have liquid assets of less than $10,000 on the first day of the period you are claiming for.

Liquid assets are any funds readily available to you in cash or savings, or assets that can easily be changed into cash. For example, money loaned to other people.

If you are a temporary visa holder and meet the eligibility rules above but cannot claim online, call us on **180 22 66** to claim.

If you are claiming for a period which starts from 18 January 2022 onwards and you are able to, you must claim online. To claim online, you need a myGov account linked to Centrelink. If you do not have an account yet, read how to set up an online account. Go to **servicesaustralia.gov.au/centrelinkonline**

Once you have an account, sign into myGov.

1. Select **Apply for support** from the **Government support for coronavirus** alert
2. Under **Affected by coronavirus (COVID-19)**, select **Get started**
3. Select **Apply for Pandemic Leave Disaster Payment**
4. Answer the questions and submit your claim.

For more information about Pandemic Leave Disaster Payment including in your language, go to **servicesaustralia.gov.au/pandemicleavedisasterpayment**